**Class : 10 ( Secondary)** **Answer Key** **Code – 0037**
**Series : Sec/………………...** **Exam. 2026**

| Roll No. | | | | | | | | | | | SET : A |
|---|---|---|---|---|---|---|---|---|---|---|---|

**ਪੰਜਾਬੀ ( PUNJABI ) ( Open School )**

ਸਮਾਂ 3 ਘੰਟੇ ਕੁੱਲ ਨੰ. 80

**1. ਹੇਠ ਲਿਖੇ ਪੈਰ੍ਹੇ ਨੂੰ ਪੜ੍ਹਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :** (2+2+2+1)= 7

i ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਡੀ ਪ੍ਰਾਪਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸੀ।

ii ਵਿਗਿਆਨਕ ਸੰਪਾਦਨ ਵਿਧੀ ਦੀ ਵਰਤੋਂ ਕੀਤੀ।

iii ਗੁਰੂ ਸਾਹਿਬਾਨਾਂ ਵਿੱਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਜੀ ਸਨ।

iv ਸੰਪਾਦਨ ਕਲਾ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪਾਦਨ ਕਲਾ

**2. ਹੇਠ ਲਿਖੇ ਕਾਵਿ-ਬੰਦ ਨੂੰ ਪੜ੍ਹਕ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :** (1+1+1)= 3

i ਔਰਤ

ii ਔਰਤ ਦੇ ਗਰਭ ਵਿੱਚ ਜੀਵ ਦਾ ਸ਼ਰੀਰ ਬਣਦਾ ਹੈ।

iii ਔਰਤ ਹੀ ਰਾਜਿਆਂ ਨੂੰ ਜਨਮ ਦਿੰਦੀ ਹੈ। ਸਾਨੂੰ ਔਰਤ ਨੂੰ ਮੰਦਾ ਨਹੀਂ ਬੋਲਣਾ ਚਾਹੀਦਾ।

**3. ਹੇਠ ਲਿਖੇ ਸਮਾਸੀ ਸ਼ਬਦਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ।** 1 X 3 = 3

i ਸਮਾਸੀ ਸ਼ਬਦ ii ਖ਼ੁਸ਼-ਨਸੀਬ iii ਸਿਰ-ਪੀੜ

**4. ਹੇਠ ਲਿਖੇ ਵਾਕਾਂ ਦੇ ਬਹੁ ਆਰਥਕ ਸ਼ਬਦਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ।** 1 X 3 = 3

i ਖੱਟੀ ii ਅੰਕ ਹਾਸਲ ਕਰਨਾ iii ਸਹੀ,ਠੀਕ, ਦਸਖ਼ਤ

**5. ਹੇਠ ਲਿਖੇ ਕਿਰਿਆ-ਵਿਸ਼ੇਸ਼ਣ ਦੇ ਪ੍ਰਸ਼ਨਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ।** 1 X 3 = 3

i ਅੱਠ ii ਕਾਲ ਵਾਚਕ iii ਇੱਥੇ / ਉੱਥੇ / ਉਰੇ / ਪਰੇ

6. i ਮਨਮੁਖ, ਮਨਜ਼ੂਰ, ਮਨਮਰਜ਼ੀ ii ਦੁਕਾਨਦਾਰੀ, ਠੇਕੇਦਾਰੀ, ਦੁਨੀਆਦਾਰੀ, 1+1 = 2

**7. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਚਾਰ ਮੁਹਾਵਰੇ ਅਰਥ ਸਹਿਤ ਸਪਸ਼ਟ ਕਰੋ।** 1 X 4 = 4

i ਉਂਗਲੀ ਕਰਨੀ ( ਦੋਸ਼ ਲਾਉਣਾ ) ii ਇੱਕ ਮੁੱਠ ਹੋਣਾ ( ਏਕਾ ਹੋਣਾ )

iii ਹੱਥ-ਪੈਰ ਮਾਰਨੇ ( ਕੋਸ਼ਿਸ਼ ਕਰਨਾ ) iv ਖੇਹ ਉਡਾਉਣੀ ( ਬਦਨਾਮੀ ਕਰਨੀ )

v ਘੋੜੇ ਵੇਚ ਕੇ ਸੌਣਾ ( ਗੂੜ੍ਹੀ ਨੀਂਦ ਸਉਂਣਾ ) vi ਗੱਦ-ਗੱਦ ਹੋਣਾ (ਬਹੁਤ ਖ਼ੁਸ਼ ਹੋਣਾ )

**8. ਹੇਠ ਲਿਖੇ ਵਿਸ਼ਿਆਂ ਵਿੱਚੋਂ ਇੱਕ ਵਿਸ਼ੇ ਉੱਤੇ ਦਿੱਤੇ ਗਏ ਨੁਕਤਿਆਂ ਦੇ ਆਧਾਰ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ।** 5

**9. ਹੇਠ ਲਿਖੇ ਨੁਕਤਿਆਂ ਦੇ ਅਧਾਰ ਤੇ ਕੋਈ ਇੱਕ ਪੱਤਰ ਲਿਖੋ।** 5

**10. ਹੇਠ ਦਰਸ਼ਾਏ ਗਏ ਚਿੱਤਰ ਦਾ 50 ਸ਼ਬਦਾਂ ਵਿੱਚ ਵਰਣਨ ਕਰੋ।** 5

**11. ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਉੱਤਰ ਦਿਓ।** 1 X 8 = 8

i ਪਾਪਾਂ ਦਾ ii ਤੇਜਾ ਸਿੰਘ ਨੇ iii ਬੋਲੀ ਤੋਂ iv ਰੁਹਤਾਸ ਦੇ ਕਿਲ੍ਹੇ ਵਿੱਚ

v ਜੂਨ ਵਿੱਚ vi ਅਮਰੀਕ ਸਿੰਘ vii ਡਾ. ਹਰਚਰਨ ਸਿੰਘ viii ਪਿੰਡ ਦੇ ਇਕ ਘਰ ਵਿੱਚ

12. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ।** 1 X 4 = 4

i ਆਸਾ ਦੀ ਵਾਰ ii ਚਾਰ iii ਕੁਲਵੰਤ ਸਿੰਘ ਵਿਰਕ iv ਪੰਜ

13. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿੱਚ ਦਿਓ।** 2 X 8 = 16

I ਔਰਤ ਹੀ ਮਾਨਵ ਜਾਤੀ ਨੂੰ ਜਨਮ ਦਿੰਦੀ ਹੈ। ਔਰਤ ਹੀ ਇੱਕ ਸੱਚੀ ਦੋਸਤ ਬਣਕੇ ਚੰਗੇ ਅਤੇ ਮਾੜੇ ਸਮੇਂ ਵਿੱਚ ਸਾਥ ਨਿਭਾਉਂਦੀ ਹੈ। ਔਰਤ ਨਾਲ ਹੀ ਸਾਡੇ ਸਭ ਰਿਸ਼ਤੇ ਬਣਦੇ ਹਨ। ਔਰਤ ਹੀ ਰਾਜਿਆਂ ਨੂੰ ਜਨਮ ਦਿੰਦੀ ਹੈ। ਸਾਨੂੰ ਔਰਤ ਨੂੰ ਮੰਦਾ ਨਹੀਂ ਬੋਲਣਾ ਚਾਹੀਦਾ

Ii ਪ੍ਰਭੂ ਹੀ ਮਨੁੱਖ ਦਾ ਅਸਲ ਮਾਤਾ-ਪਿਤਾ ਤੇ ਸਾਕ-ਸਬੰਧੀ ਹੈ। ਉਸ ਦਾ ਨਾਮ ਧਿਆਉਣ ਨਾਲ ਸਾਰੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਬਾਣੀ ਦੀਆਂ ਇਹ ਸਤਰਾਂ ਪ੍ਰਮਾਤਮਾ ਨੂੰ ਸੰਬੋਧਿਤ ਹਨ।

Iii ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦੇ ਪਿਆਰ ਦੀਆਂ ਸੱਧਰਾਂ ਪਲਦੀਆਂ ਹਨ। ਇੱਥੇ ਹਰ ਰਿਸ਼ਤੇ ਦਾ ਪਿਆਰ ਮਿਲਦਾ ਹੈ।

Iv ਕੈਦੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਕਿਹਾ ਕਿ ਉਨ੍ਹਾਂ ਦੀ ਕਿਰਪਾ ਨਾਲ ਹੀ ਉਹ ਧਾੜਵੀ ਤੋਂ ਸਰਦਾਰ ਬਣਿਆ ਸੀ ਅਤੇ ਉਨ੍ਹਾਂ ਦੀ ਕੈਦ ਵਿਚ ਰਹਿ ਕੇ ਹੀ ਉਹ ਆਪਣੇ ਸੱਚੇ ਪਿਤਾ ਵਾਹਿਗੁਰੂ ਦੇ ਪ੍ਰੇਮ ਤੋਂ ਜਾਣੂ ਹੋਇਆ ਹੈ। ਹੁਣ ਉਸ ਨੂੰ ਸੱਚੀ ਖ਼ੁਸ਼ੀ ਪ੍ਰਾਪਤ ਹੋਈ ਹੈ। ਉਸਦਾ ਮਨ ਪ੍ਰਭੂ ਦੇ ਪ੍ਰੇਮ ਵਿਚ ਮਗਨ ਹੈ।

V ਭਾਵੇਂ ਉਹ ਸੁੱਤਾ ਪਿਆ ਸੀ, ਪਰ ਉਸ ਦੇ ਅਚੇਤ ਮਨ ਉੱਤੇ ਉਸ ਦੀ ਕੁਲਫ਼ੀ ਖਾਣ ਦੀ ਅਪੂਰਤ ਇੱਛਾ ਹੀ ਭਾਰੂ ਸੀ। ਉਸ ਦਾ ਪ੍ਰਗਟਾਵਾ ਉਸਦੇ ਬੁੜਬੁੜਾਉਣ ਰਾਹੀਂ ਹੋ ਰਿਹਾ ਸੀ। ਮਨੋਵਿਗਿਆਨ ਅਨੁਸਾਰ ਇਹ ਅਮਲ ਕਾਕੇ ਦੀ ਸਿਹਤਮੰਦ ਮਾਨਸਿਕ ਅਵਸਥਾ ਦਾ ਸੂਚਕ ਨਹੀਂ।

vi ਇਸ ਕਹਾਣੀ ਦਾ ਉਦੇਸ਼ ਸਾਡੇ ਸਮਾਜ ਵਿਚ ਮਨੁੱਖੀ ਰਿਸ਼ਤਿਆਂ ਨੂੰ ਨਿਸ਼ਚਿਤ ਕਰਨ ਵਿਚ ਆਰਥਿਕਤਾ ਦੇ ਰੋਲ ਨੂੰ ਪੇਸ਼ ਕਰਨਾ ਹੈ। ਇਸ ਕਹਾਣੀ ਵਿਚੋਂ ਪਾਠਕਾਂ ਨੂੰ ਵੈਲਾਂ ਤੇ ਗੈਰ-ਜ਼ਿੰਮੇਵਾਰੀ ਭਰੇ ਵਤੀਰੇ ਤੋਂ ਬਚਣ ਦੀ ਪ੍ਰੇਰਨਾ ਮਿਲਦੀ ਹੈ।

vii ਗੁਰੂ ਗੋਬਿੰਦ ਸਿੰਘ ਜੀ ਦੇ ਭੇਜੇ ਜ਼ਫ਼ਰਨਾਮੇ ਵਿਚ ਗੁਰੂ ਜੀ ਵੱਲੋਂ ਬੇਬਾਕੀ ਨਾਲ ਪਾਈਆਂ ਲਾਹਨਤਾਂ ਨੂੰ ਪੜ੍ਹ ਕੇ ਔਰੰਗਜ਼ੇਬ ਦੀ ਜ਼ਮੀਰ ਕੰਬ ਉੱਠੀ ਸੀ, ਜਿਸ ਕਾਰਨ ਰਾਤ ਨੂੰ ਉਸ ਨੂੰ ਭਿਆਨਕ ਖ਼ਾਬ ਆਇਆ, ਜਿਸ ਨੇ ਉਸਦੀ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਹਿਲਾ ਦਿੱਤਾ

viii ਸੁਖਦੇਵ ਸਿੰਘ ਪੜ੍ਹਿਆ-ਲਿਖਿਆ ਤੇ ਨਵੀਨ ਖ਼ਿਆਲਾਂ ਦਾ ਮਾਲਕ, ਹਸਮੁੱਖ ਤੇ ਮਖੌਲੀਆ, ਦਲੀਲਬਾਜ਼, ਹਾਜ਼ਰ-ਜੁਆਬ, ਭੈਣ ਦੇ ਹੱਕਾਂ ਦੀ ਰਾਖੀ ਕਰਨ ਵਾਲਾ ਤੇ ਹਾਸ ਰਸ ਪੈਦਾ ਕਰਨ ਵਾਲਾ ਨੌਜਵਾਨ ਹੈ।

14. **ਹੇਠ ਦਿੱਤੀਆਂ ਕਾਵਿ ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।** (1+2) =3

| | | | |
|---|---|---|---|
| ਬਾਣੀ : ਕਿਰਪਾ ਕਰਿ ਕੈ ਬਖਸਿ ਲੈਹੂ | | | ਕਵਿਤਾ : ਜੰਗ ਦਾ ਹਾਲ |
| ਗੁਰੂ : ਗੁਰੂ ਅਮਰਦਾਸ ਜੀ | | ਜਾਂ | ਕਵੀ : ਸ਼ਾਹ ਮੁਹੰਮਦ |

15. **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ।** 9



